Roll No. | | | | | | | |

Series SHC **Code No. 4**

- Please check that this question paper contains 4 printed pages.
- Code number given on the right hand side of the question paper should be written on the title page of the answer-book by the candidate.
- Please check that this question paper contains 15 questions.
- Please write down the serial number of the question before attempting it.

PUNJABI

ਪੰਜਾਬੀ

Time allowed : 3 hours *Maximum Marks : 100*

ਸਮਾਂ ਸੀਮਾਂ : 3 ਘੰਟੇ *ਪੂਰਨ ਅੰਕ : 100*

ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਅੰਤ ਵਿੱਚ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ : 10

ਬੁਢਾਪੇ ਵਿੱਚ ਮੌਤ ਦੇ ਫਰਿਸ਼ਤੇ ਆਉਂਦੇ ਹਨ ਅਤੇ ਉਸਨੂੰ ਕੰਨੋ ਫੜ੍ਹ ਕੇ ਲੈ ਜਾਂਦੇ ਹਨ । ਕਿਸੇ ਨੂੰ ਪਤਾ ਨਹੀਂ ਲਗਦਾ ਕਿ ਉਹ ਕਿਧਰੋਂ ਆਉਂਦੇ ਹਨ ਅਤੇ ਜੀਵ ਨੂੰ ਕਿੱਧਰ ਲੈ ਜਾਂਦੇ ਹਨ । ਉਹ ਜਿਨ੍ਹਾਂ ਚੀਜ਼ਾਂ ਨੂੰ ਹੁਣ ਤਾਂਈ ਆਪਣਾ ਬਣਾਉਂਦਾ ਆਇਆ ਸੀ, ਉਹ ਧਨ ਦੌਲਤ ਜਿਸ ਨੂੰ ਇੱਕਠਿਆ ਕਰਨ ਲਈ ਉਸ ਨੇ ਕਈ ਤਰ੍ਹਾਂ ਦੇ ਪਾਪ ਕੀਤੇ, ਉਹਨਾਂ ਵਿੱਚੋਂ ਨਾ ਕੋਈ ਉਸ ਦੇ ਨਾਲ ਜਾਂਦੀ ਹੈ ਅਤੇ ਨਾ ਹੀ ਉਸਦੀ ਉਸ ਸਮੇਂ ਕੋਈ ਮਦਦ ਹੀ ਕਰ ਸਕਦੀ ਹੈ । ਇਥੋਂ ਤਕ ਕਿ ਪਤਨੀ, ਬਾਲ-ਬੱਚੇ, ਯਾਰ-ਦੋਸਤ ਸਭ ਆਪਣੀ ਆਪਣੀ ਗਰਜ਼ ਲਈ ਰੋਂਦੇ ਹਨ, ਪਰ ਉਹ ਉਸ ਨੂੰ ਰੋਕ ਨਹੀਂ ਸਕਦੇ । ਉਹ ਛੇਤੀ ਤੋਂ ਛੇਤੀ ਉਸਦੀ ਦੇਹ ਨੂੰ ਅਗਨੀ ਜਾਂ ਧਰਤੀ ਦੇ ਹਵਾਲੇ ਕਰ ਦਿੰਦੇ ਹਨ । ਉਸਦੇ ਕਰਮਾਂ, ਖਾਹਿਸ਼ਾਂ, ਤ੍ਰਿਸ਼ਨਾਵਾਂ ਅਨੁਸਾਰ ਉਸ ਨੂੰ ਫਿਰ ਨਵਾਂ ਜਨਮ ਦੇ ਦਿੱਤਾ ਜਾਂਦਾ ਹੈ । ਇਸ ਤਰ੍ਹਾਂ ਉਹ ਸ਼ੁਰੂ ਤੋਂ ਅੰਤ ਤੱਕ ਦਾ ਆਪਣਾ ਸਾਰਾ ਸਮਾ ਨਸ਼ਟ ਕਰ ਲੈਂਦਾ ਹੈ ।

(ੳ) ਇਸ ਪੈਰੇ ਨੂੰ ਸਿਰਲੇਖ ਦਿਓ ।

(ਅ) 'ਮੌਤ ਦੇ ਫਰਿਸ਼ਤੇ' ਕੌਣ ਹੁੰਦੇ ਹਨ ?

(ਇ) 'ਤ੍ਰਿਸ਼ਨਾਵਾਂ' ਦਾ ਕੀ ਅਰਥ ਹੈ ?

(ਸ) ਜੀਵ ਆਪਣਾ ਸਾਰਾ ਸਮਾ ਕਿਵੇਂ ਨਸ਼ਟ ਕਰ ਲੈਦਾ ਹੈ ?

2. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ***ਇੱਕ*** ਉਪਰ ਦੋ ਸੌ ਸ਼ਬਦਾਂ ਵਿਚ ਲੇਖ ਲਿਖੋ : 10

(ੳ) ਦਿੱਲੀ ਵਿਚ ਦੁਕਾਨਾਂ ਦੀ ਸੀਲਿੰਗ

(ਅ) ਗ਼ਰੀਬੀ ਕਿਵੇਂ ਹਟਾਈ ਜਾਵੇ

(ਇ) ਮਨ ਜੀਤੈ ਜਗਜੀਤ

(ਸ) ਭ੍ਰਿਸ਼ਟਾਚਾਰ

3. ਅੱਖੀਂ ਵੇਖੇ ਕਿਸੇ ਪ੍ਰਾਕ੍ਰਿਤਕ ਨਜ਼ਾਰੇ ਦਾ 125 ਸ਼ਬਦਾਂ ਵਿੱਚ ਵਿਵਰਣ ਪੇਸ਼ ਕਰੋ । 7

4. ਬਜ਼ੁਰਗਾਂ ਉਪਰ ਹੋ ਰਹੇ ਹਮਲਿਆਂ ਬਾਰੇ 125 ਸ਼ਬਦਾਂ ਵਿੱਚ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ । 8

5. 'ਸੱਵਯਾ' ਛੰਦ ਦੀ ਕੀ ਵਿਸ਼ੇਸ਼ਤਾ ਹੈ ? 4

6. ਰੂਪਕ ਅਲੰਕਾਰ ਕੀ ਹੁੰਦਾ ਹੈ ? 4

7. ਹੇਠ ਲਿਖੇ ਵਾਕਾਂ ਦੀ ਵਾਕ ਵੰਡ ਕਰੋ : 2+2=4

(ੳ) ਛੋਟਾ ਬੱਚਾ ਨਵਾਂ ਪੈਂਨ ਮੰਗਦਾ ਹੈ ।

(ਅ) ਬਹਾਦਰ ਸਿਪਾਹੀਆਂ ਨੇ ਜ਼ਾਲਮ ਵੈਰੀਆਂ ਦੇ ਛੱਕੇ ਛੁਡਾਏ ।

8. ਹੇਠ ਲਿਖੇ ਵਾਕਾਂ ਨੂੰ ਸ਼ੁਧ ਕਰਕੇ ਲਿਖੋ : 3

(ੳ) ਤੁਸੀਂ ਹਰ ਰੋਜ਼ ਸਕੂਲ ਜਾਣਾ ਪੈਂਦਾ ਹੈ ।

(ਅ) ਤੋਤੇ ਤੇ ਤੋਤੀ ਦਾ ਚੂਰੀ ਪਾ ।

(ਇ) ਉਹ ਬਲਦ ਜਿਹੜਾ ਕੱਲ੍ਹ ਇਥੇ ਚਰਦਾ ਸੀ ਨੂੰ ਚੋਰ ਲੈ ਗਏ ।

9. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ***ਇੱਕ*** ਦੇ ਅੰਤ ਵਿੱਚ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ : 2+2+2+2=8

(i) ਧਰਤੀ ਦੇ ਹੇਠ
ਧੌਲ ਹੈ
ਧਰਮ ਹੈ
ਇਕ ਮੇਰੀ ਧੀ ਹੈ

(ੳ) ਕਾਵਿ-ਟੁਕੜੀ ਦਾ ਪ੍ਰਸੰਗ ਦਸੋ ।

(ਅ) ਕਾਵਿ-ਟੁਕੜੀ ਦੀ ਵਿਆਖਿਆ ਕਰੋ ।

(ਇ) 'ਧਰਤੀ ਦੇ ਹੇਠ ਧੌਲ ਹੈ' ਇਹ ਕਿਸ ਵਲ ਸੰਕੇਤ ਕਰਦਾ ਹੈ ?

(ਸ) ਕਵੀ ਨੇ ਇਸਤਰੀ ਨੂੰ ਧੌਲ ਅਤੇ ਧਰਮ ਦੇ ਬਰਾਬਰ ਥਾਂ ਦਿੱਤੀ ਹੈ — ਕਿਉਂ ।

(ii) ਅੱਗ ਦੀ ਉਮਰੇ
ਹਰ ਅੱਗ ਟੁਰਦੀ
ਜਾ ਬਹਿੰਦੀ ਪਰਦੇਸ
ਹਰ ਅੱਗ ਦੇ ਬਾਬਲ ਦੇ ਚੁਲ੍ਹੇ
ਸਦਾ ਨਾ ਉਸਦਾ ਸੇਕ

(ੳ) ਅੱਗ ਕਿਸ ਦਾ ਪ੍ਰਤੀਕ ਹੈ ?

(ਅ) ਬਾਬਲ ਦੇ ਚੁਲ੍ਹੇ ਸਦਾ ਲਈ ਅੱਗ ਦਾ ਸੇਕ ਕਿਉਂ ਨਹੀਂ ਹੈ ?

(ਇ) ਕਾਵਿ-ਟੁਕੜੀ ਦਾ ਪ੍ਰਸੰਗ ਦਸੋ ।

(ਸ) ਕਾਵਿ-ਟੁਕੜੀ ਦੀ ਵਿਆਖਿਆ ਕਰੋ ।

10. ਪੂਰਨ ਸਿੰਘ ਦੀ ਕਵਿਤਾ 'ਪਸ਼ੂ ਚਰਦੇ' ਦਾ ਸੰਖੇਪ ਭਾਵ ਲਿਖੋ । 7

ਜਾਂ

ਮੋਹਨ ਸਿੰਘ ਦੀ ਕਵਿਤਾ 'ਮਨਸੂਰ' ਦੀ ਵਿਸ਼ੇਸ਼ਤਾ ਦੱਸੋ ।

11. ਹੇਠ ਲਿਖਿਆਂ ਵਿੱਚੋਂ ਕਿਸੇ ***ਇੱਕ*** ਕਥਾ-ਅੰਸ਼ ਨੂੰ ਪੜ੍ਹਕੇ ਉਸ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : 2+3=5

"ਕਈ ਵਾਰ ਮੈਂ ਸੋਚਦਾ ਹਾਂ — ਜੇ ਈਮਾਨਦਾਰੀ ਦੀ ਗੱਲ ਕਰਾਂ ਤਾਂ ਮੈਨੂੰ ਬਾਪੂ ਨਾਲ ਕਿੰਨਾ ਪਿਆਰ ਤੇ ਹਮਦਰਦੀ ਸਹੀ, ਮੈਂ ਇਸ ਘਰ ਨੂੰ ਤੋੜ ਤੇ ਬਲਵਿੰਦਰ ਨੂੰ ਛੱਡ ਨਹੀਂ ਸਕਦਾ । ਉਹਦੇ ਨਾਲ ਮੇਰਾ ਭਵਿਖ ਜੁੜਿਆ ਹੋਇਆ ਹੈ ।"

(ੳ) ਇਹ ਕਥਾ-ਅੰਸ਼ ਕਿਸ ਕਹਾਣੀਕਾਰ ਦੀ ਕਿਸ ਕਹਾਣੀ ਵਿਚੋਂ ਹੈ ?

(ਅ) ਬਲਵਿੰਦਰ ਨਾਲ ਮੈਂ ਦਾ ਭਵਿਖਤ ਕਿੰਜ ਜੁੜਿਆਂ ਹੋਇਆ ਹੈ ?

ਜਾਂ

ਤੂੰ ਅੰਨ੍ਹੀ ਕਾਹਨੂੰ ਐਂ, ਮੈਂ ਈਂ ਨ੍ਹੇਰਾ ਢੋਨਾ । ਹਲ ਮਗਰ ਖੁੱਚਾਂ ਤੁੜੇਂਦੇ ਦੀ ਬੱਸ ਹੋ ਜਾਂਦੀ ਐ ਤੇ ਘਰ ਆ ਕੇ ਚੱਜ ਨਾਲ ਟੁੱਕ ਵੀ ਨਹੀਂ ਜੁੜਦਾ ।

(ੳ) ਇਹ ਕਥਾ-ਅੰਸ਼ ਕਿਸ ਕਹਾਣੀਕਾਰ ਦੀ ਕਿਸ ਕਹਾਣੀ ਦਾ ਹਿੱਸਾ ਹੈ ?

(ਅ) ਮੈਂ ਦੇ ਉਕਤ ਸ਼ਬਦ ਉਸ ਦੀ ਕਿਸ ਸਥਿਤੀ ਦਾ ਪ੍ਰਤੀਕ ਹਨ ?

12. ਸੰਤੋਖ ਸਿੰਘ ਧੀਰ ਦੀ ਕਹਾਣੀ ਵਿਚ ਪੇਸ਼ 'ਮੰਗੋ' ਦੇ ਚਰਿਤਰ ਦੀ ਕੀ ਵਿਸ਼ੇਸ਼ਤਾ ਹੈ । 5

ਜਾਂ

'ਬਾਗਾਂ ਦਾ ਰਾਖਾ' ਨਾਮਕ ਕਹਾਣੀ ਦੇ ਵਿਸ਼ੇ ਬਾਰੇ ਚਰਚਾ ਕਰੋ ।

13. ਹੇਠ ਲਿਖੇ ਵਾਰਤਾਲਾਪਾਂ ਦੇ ਅੰਸ਼ਾ ਵਿੱਚੋਂ ਕਿਸੇ ***ਇੱਕ*** ਦੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : 2+2+2+2=8

"— ਸੱਚ ਕਹਿੰਦੇ ਨੇ, ਹਰ ਸੋਹਣੀ ਔਰਤ ਮੂਰਖ ਹੁੰਦੀ ਹੈ । ਮੂਰਖਤਾ ਵੀ ਬੰਦਾ ਬਰਦਾਸ਼ਤ ਕਰ ਲਵੇ ਜੇ ਆਚਰਨ ਚੰਗਾ ਹੋਵੇ । ਲੋਕੀਂ ਉਂਗਲਾਂ ਕਰਨ ਲਗ ਪਏ ਨੇ, ਮੇਰੀ ਪ੍ਰੈਕਟਸ ਫੇਲ੍ਹ ਹੁੰਦੀ ਜਾਂਦੀ ਏ ।"

(ੳ) ਇਹ ਵਾਰਤਾਲਾਪ-ਅੰਸ ਕਿਸ ਦੀ ਕਿਸ ਰਚਨਾ ਵਿਚੋਂ ਹੈ ?

(ਅ) ਕੌਣ ਕਿਸ ਨੂੰ ਮੂਰਖ ਕਹਿ ਰਿਹਾ ਹੈ ?

(ਇ) ਉਸ ਦੇ ਕਹਿਣ ਦਾ ਕੀ ਕਾਰਨ ਹੈ ?

(ਸ) ਕੀ ਸਚਮੁਚ ਔਰਤ ਦਾ ਆਚਰਨ ਚੰਗਾ ਨਹੀਂ ?

ਜਾਂ

"ਮਨੁੱਖ ਸਮਾਜਕ ਜੀਵ ਏ । ਉਸਦੀ ਨਿੱਕੀ ਤੋਂ ਨਿੱਕੀ ਹਰਕਤ ਦਾ ਦੂਜਿਆਂ ਨਾਲ ਸੰਬੰਧ ਏ । ਇੱਕੋ ਛੱਤ ਹੇਠ ਰਹਿੰਦਿਆਂ ਕਿਸਤਰ੍ਹਾਂ ਹੋ ਸਕਦਾ ਏ ਮੈ ਦੇਖ ਕੇ ਅਣਡਿੱਠ ਕਰਾਂ ।"

(ੳ) ਇਹ ਵਾਰਤਾਲਾਪ-ਅੰਸ ਕਿਸ ਦੀ ਕਿਸ ਰਚਨਾ ਵਿੱਚੋਂ ਹੈ ?

(ਅ) ਕੌਣ ਕਿਸ ਨੂੰ ਸਮਾਜਕ ਪ੍ਰਾਣੀ ਕਹਿ ਕੇ ਸਮਝਾ ਰਿਹਾ ਹੈ ?

(ਇ) ਕਿਸ ਨਿੱਕੀ ਹਰਕਤ ਨੇ ਦੂਜੇ ਦੇ ਮਨ ਤੇ ਅਸਰ ਕੀਤਾ ?

(ਸ) 'ਮੈ' ਦਾ ਕਿਹਾ, ਸੁਣਨ ਵਾਲੇ ਨੂੰ ਕਿੰਨਾ ਕੁ ਪ੍ਰਭਾਵਿਤ ਕਰਦਾ ਹੈ ਤੇ ਕਿਵੇਂ ?

14. ਨਾਟਕ 'ਸ਼ੋਭਾ ਸ਼ਕਤੀ' ਦੀ ਮੁਖ ਸਮੱਸਿਆ ਕੀ ਹੈ ? 7

ਜਾਂ

'ਸ਼ੋਭਾ ਸ਼ਕਤੀ' ਵਿਚ ਸਤੀਸ਼ ਦੀ ਪਾਤਰ ਉਸਾਰੀ ਬਾਰੇ ਚਰਚਾ ਕਰੋ ।

15. ਆਧੁਨਿਕ ਪੰਜਾਬੀ ਕਵਿਤਾ ਨਾਲ ਜਾਣ-ਪਛਾਣ ਕਰਾਓ । 10

ਜਾਂ

ਪੰਜਾਬੀ ਸੂਫੀ ਕਵਿਤਾ ਦੇ ਵਿਕਾਸ ਬਾਰੇ ਚਰਚਾ ਕਰੋ ।